# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
WORLD PUNJABI TIMES REACHING THE WORLD
A Punjabi News Protal & Epaper From Winnipeg, Canada
Visit us at : www.worldpunjabitimes.com
Mob: 98772-46588, +1 (418) 887-0162

Epaper World Punjabi Times | 19 ਜਨਵਰੀ 2024 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਆਵਰ ਗਲੋਬਲ ਵਿਲੇਜ ਸਰੀ ਦੇ ਵਲੰਟੀਅਰਾਂ ਨੇ ਬੇਘਰੇ ਭਾਈਚਾਰੇ ਨਾਲ ਮਨਾਇਆ ਮਾਘੀ ਦਾ ਪਵਿੱਤਰ ਦਿਹਾੜਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 19 ਜਨਵਰੀ: ਸਰੀ ਵਿਚ 2014 ਤੋਂ ਸਮਾਜ ਸੇਵਾ ਦੇ ਖੇਤਰ ਵਿਚ ਕਈ ਪਹਿਲਕਦਮੀਆਂ ਕਰ ਚੁੱਕੀ ਆਵਰ ਗਲੋਬਲ ਵਿਲੇਜ ਚੈਰੀਟੇਬਲ ਫਾਊਂਡੇਸ਼ਨ ਸਰੀ ਵੱਲੋਂ ਇਸ ਸਾਲ ਵੀ ਮਾਘੀ ਦਾ ਪਵਿੱਤਰ ਤਿਓਹਾਰ ਸਰੀ ਵਿਚ ਰਹਿ ਰਹੇ ਕੁਝ ਬੇਘਰੇ ਪਰਿਵਾਰਾਂ ਨੂੰ ਭੋਜਨ ਪਰੋਸ ਕੇ ਅਤੇ ਲੋੜੀਂਦੇ ਗਰਮ ਕੱਪੜਿਆਂ ਦਾ ਨਿੱਘ ਪ੍ਰਦਾਨ ਕਰ ਕੇ ਮਨਾਇਆ ਗਿਆ। ਫਾਊਂਡੇਸ਼ਨ ਦੇ ਵਲੰਟੀਅਰ ਦੁਪਿਹਰ 12 ਵਜੇ 10667, 135ਏ ਸਟਰੀਟ, ਸਰੀ ਵਿਖੇ ਭੋਜਨ ਅਤੇ ਗਰਮ ਕੱਪਿੜਆਂ ਦਾ ਭੰਡਾਰ ਲੈ ਕੇ ਪਹੁੰਚੇ। ਜਿੱਥੇ 200 ਦੇ ਕਰੀਬ ਲੋੜਵੰਦਾਂ ਨੂੰ ਭੋਜਨ ਅਤੇ ਕੱਪੜਿਆਂ ਦੇ ਰੂਪ ਵਿਚ ਲੋੜੀਦੀਆਂ ਵਸਤਾਂ ਵੰਡੀਆਂ ਗਈਆਂ। ਆਵਰ ਗਲੋਬਲ ਵਿਲੇਜ ਚੈਰੀਟੇਬਲ ਫਾਊਂਡੇਸ਼ਨ ਦੀ ਰੂਹੇ-ਰਵਾਂ ਮੀਰਾ ਗਿੱਲ ਨੇ ਇਸ ਮੌਕੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਸੰਸਥਾ 2014 ਤੋਂ ਕਈ ਪਹਿਲਕਦਮੀਆਂ ਨਾਲ ਸਰੀ ਵਿਚ ਸੇਵਾ ਦਾ ਕਾਰਜ ਕਰਦੀ ਆ ਰਹੀ ਹੈ। ਸਰੀ ਦੇ ਬੇ-ਘਰ ਭਾਈਚਾਰੇ ਨਾਲ ਪਿਛਲੇ 8 ਸਾਲਾਂ ਤੋਂ ਕੰਮ ਕਰਨ 'ਤੇ ਬਹੁਤ ਮਾਣ ਹੈ। ਇਸ ਸੰਸਥਾ ਨੇ 135A ਸਟਰੀਟ 'ਤੇ 200 ਤੋਂ ਵੱਧ ਬੇਘਰਿਆਂ ਨੂੰ ਟੈਂਟਾਂ ਤੋਂ ਆਸਰਾ-ਘਰਾਂ ਵਿੱਚ ਤਬਦੀਲ ਕਰਵਾਉਣ ਲਈ ਅਗਵਾਈ ਕੀਤੀ। ਉਨ੍ਹਾਂ ਦੱਸਿਆ ਹੈ ਕਿ ਲੋਕਾਂ ਦੀ ਸਹਾਇਤਾ, ਮਾਰਗ ਦਰਸ਼ਨ ਅਤੇ ਉਤਸ਼ਾਹ ਨਾਲ ਫਾਊਂਡੇਸ਼ਨ ਹਮੇਸ਼ਾ ਲਾਲਚ ਤੋਂ ਮੁਕਤ ਰਹਿਣ ਅਤੇ ਆਜ਼ਾਦੀ ਦੇ ਉੱਚੇ ਨੈਤਿਕ ਕਦਮਾਂ 'ਤੇ ਖਰਾ ਉਤਰਨ ਲਈ ਕਾਰਜ ਕਰਦੀ ਆ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਹੈ ਕਿ ਆਵਰ ਗਲੋਬਲ ਵਿਲੇਜ ਚੈਰੀਟੇਬਲ ਫਾਊਂਡੇਸ਼ਨ ਇਕ ਗ਼ੈਰ ਲਾਭਕਾਰੀ ਸੰਸਥਾ ਹੈ ਅਤੇ ਲੋਕਾਂ ਵੱਲੋਂ ਦਿੱਤੇ ਦਾਨ ਦਾ 100 ਪ੍ਰਤੀਸ਼ਤ ਲੋੜਵੰਦ ਲੋਕਾਂ ਦੀ ਸਹਾਇਤਾ ਵਿਚ ਨਿਵੇਸ਼ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸੇਵਾ ਕਰਨ ਦੀ ਹਿੰਮਤ ਅਸਲ ਵਿਚ ਸਮੁੱਚੇ ਭਾਈਚਾਰੇ ਵੱਲੋਂ ਦਿੱਤੇ ਜਾਂਦੇ ਸਹਿਯੋਗ ਸਦਕੇ ਹੀ ਹੈ। ਕੋਈ ਵੀ ਇਨਸਾਨ ਜਾਂ ਸੰਸਥਾ ਆਪਣੇ ਆਪ ਕੁਝ ਨਹੀਂ ਕਰ ਸਕਦੀ ਜਦੋਂ ਤੱਕ ਕਮਿਊਨਿਟੀ ਦਾ ਸਾਥ ਨਾ ਹੋਵੇ। ਉਨ੍ਹਾਂ ਕਿਹਾ ਕਿ ਕੋਵਿਡ ਤੋਂ ਬਾਅਦ ਇਸ ਲੋੜਵੰਦ ਭਾਈਚਾਰੇ ਦੇ ਮਦਦਗਾਰਾਂ ਵਿਚ ਕਮੀ ਆਈ ਹੈ ਅਤੇ ਅਜਿਹੀ ਸਥਿਤੀ ਵਿਚ ਸਾਨੂੰ ਰਲ ਕੇ ਅਜਿਹੇ ਲੋੜਵੰਦ ਲੋਕਾਂ ਦੀ ਸਹਾਇਤਾ ਕਰਨ ਲਈ ਹੋਰ ਵੀ ਹੰਭਲਾ ਮਾਰਨਾ ਚਾਹੀਦਾ ਹੈ।




## ਟੈਗੋਰ ਥੀਏਟਰ ਵਿਖੇ ਪ੍ਰਸਿੱਧ ਗਾਇਕ ਡਾ. ਮਲਕੀਤ ਸਿੰਘ ਜੰਡਿਆਲਾ ਨੇ ਦਰਸ਼ਕਾਂ ਦਾ ਮਨ ਮੋਹਿਆ

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ




ਚੰਡੀਗੜ੍ਹ, 19 ਜਨਵਰੀ : ਹਿੰਦੁਸਤਾਨੀ ਸ਼ਾਸਤਰੀ ਰਾਗਾਂ ਦੇ ਸਿਰਕੱਢ ਕਲਾਕਾਰ ਮੰਨੇ ਜਾਂਦੇ ਡਾ. ਮਲਕੀਤ ਸਿੰਘ ਜੰਡਿਆਲਾ ਨੇ ਅੱਜ ਇੱਥੇ ਟੈਗੋਰ ਥੀਏਟਰ ਵਿਖੇ ਆਪਣੀ ਦਮਦਾਰ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਮਨ ਮੋਹਿਆ। ਉਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਰਾਗ ਵੀ ਸੁਣਾਇਆ। ਪੋਲੋ ਹਿੰਦੁਸਤਾਨੀ ਆਰਟ ਹੈਰੀਟੇਜ ਐਂਡ ਕਲਚਰਲ ਟਰੱਸਟ ਵੱਲੋਂ ਪ੍ਰਚੀਨ ਕਲਾ ਕੇਂਦਰ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਨੂੰ ਟ੍ਰਾਈਸਿਟੀ ਦੇ ਕਲਾ ਅਤੇ ਸੰਗੀਤ ਪ੍ਰੇਮੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ, ਜਿਨ੍ਹਾਂ ਨੇ ਟੈਗੋਰ ਥੀਏਟਰ ਵਿੱਚ ਡਾ. ਜੰਡਿਆਲਾ ਦੇ ਰਾਗਾਂ ਦਾ ਆਨੰਦ ਮਾਣਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਜਸਟਿਸ ਵਿਨੋਦ ਐਸ ਭਾਰਦਵਾਜ ਸਨ। ਹਜ਼ੂਰ ਸਾਹਿਬ ਦੇ ਸਾਬਕਾ ਟਰੱਸਟੀ ਸਰਦਾਰ ਚਰਨ ਸਿੰਘ ਸਪਰਾ ਨੇ ਡਾ. ਮਲਕੀਤ ਸਿੰਘ ਦੁਆਰਾ ਲਿਖੀ ਗੁਰਮਤਿ ਸੰਗੀਤ ਦੀ ਪੁਸਤਕ 'ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਰਾਗ ਪ੍ਰਬੰਧ' ਸੰਸਕ੍ਰਿਤ ਅਤੇ ਹਿੰਦੀ ਦੋਵਾਂ ਭਾਸ਼ਾਵਾਂ ਵਿੱਚ ਰਿਲੀਜ਼ ਕੀਤੀ। 'ਮੈਂ ਲੋਕਾਂ ਦੇ ਹੁੰਗਾਰੇ ਤੋਂ ਪ੍ਰਭਾਵਿਤ ਹਾਂ। ਮੈਂ ਵਿਸ਼ਵਾਸ ਨਹੀਂ ਕਰ ਸਕਦਾ ਕਿ ਉਨ੍ਹਾਂ ਨੂੰ ਰਾਗਾਂ ਨੂੰ ਸੁਣਨ ਵਿੱਚ ਇੰਨੀ ਦਿਲਚਸਪੀ ਹੈ। ਇਹ ਇੱਕ ਬਹੁਤ ਵੱਡਾ ਸੰਕੇਤ ਹੈ ਕਿਉਂਕਿ ਸਾਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੀ ਵਿਰਾਸਤ ਨੂੰ ਜ਼ਿੰਦਾ ਰੱਖਣ ਲਈ ਸਮੂਹਿਕ ਯਤਨ ਕਰਨ ਦੀ ਲੋੜ ਹੈ,' ਹਿੰਦੁਸਤਾਨੀ ਸ਼ਾਸਤਰੀ ਸੰਗੀਤ ਕਲਾਕਾਰ ਡਾ. ਮਲਕੀਤ ਸਿੰਘ ਨੇ ਕਿਹਾ। ਅਮਰਦੀਪ ਸਿੰਘ ਦਹੀਆ, ਸੰਸਥਾਪਕ, ਪੋਲੋ ਹਿੰਦੁਸਤਾਨੀ ਆਰਟ ਹੈਰੀਟੇਜ ਐਂਡ ਕਲਚਰਲ ਟਰੱਸਟ, ਜੋ ਕਿ ਯੋਮਨ ਦੀ ਸੇਵਾ ਕਰ ਰਿਹਾ ਹੈ, ਨੇ ਕਿਹਾ, 'ਡਾ. ਸਿੰਘ ਦੀ ਕਾਰਗੁਜ਼ਾਰੀ ਬੜੀ ਮਨਮੋਹਕ ਰਹੀ। ਸ਼ਾਨਦਾਰ ਤਰੀਕੇ ਨਾਲ ਉਹ ਸਰੋਤਿਆਂ ਨੂੰ ਸੀਮਾਵਾਂ ਤੋਂ ਪਾਰ ਇੱਕ ਸੁਰੀਲੀ ਯਾਤਰਾ 'ਤੇ ਲੈ ਗਏ ਜਿਥੇ ਸ਼ਾਸਤਰੀ ਸੰਗੀਤ ਦੇ ਸਦੀਵੀ ਤੱਤ ਗੂੰਜਦੇ ਹਨ।'

ਦਹੀਆ ਨੇ ਅੱਗੇ ਕਿਹਾ, 'ਸ਼ਾਮ ਦਾ ਉਦੇਸ਼ ਨੌਜਵਾਨਾਂ ਨੂੰ ਭਾਰਤੀ ਪਰੰਪਰਾਵਾਂ ਤੋਂ ਜਾਣੂ ਕਰਵਾਉਣਾ ਸੀ ਤਾਂ ਜੋ ਉਨ੍ਹਾਂ ਵਿੱਚ ਹਿੰਦੁਸਤਾਨੀ ਸੰਗੀਤ ਦੀ ਅਸਲ ਪਰੰਪਰਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਤਾਂ ਜੋ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਇਆ ਜਾ ਸਕੇ ਅਤੇ ਉਨ੍ਹਾਂ ਨੂੰ ਅਮੀਰ ਭਾਰਤੀ ਸੰਗੀਤਕ ਨੈਤਿਕਤਾ ਨਾਲ ਜੋੜਿਆ ਜਾ ਸਕੇ।'

ਗੁਰਮੀਤ ਸਿੰਘ ਸ਼ਾਂਤ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਡਾ. ਸ਼ਿਭਾ ਕੋਸਰ, ਸੰਗੀਤ ਨਾਟਕ ਅਕਾਦਮੀ ਅਵਾਰਡੀ ਅਤੇ ਸੀਨੀਅਰ ਕੱਥਕ ਗੁਰੂ ਡਾ. ਪੰਕਜ ਮਾਲਾ ਸ਼ਰਮਾ, ਸਾਬਕਾ ਡੀਨ ਅਤੇ ਚੇਅਰਪਰਸਨ, ਪੀਯੂ ਅਤੇ ਪੰਡਿਤ ਕਾਲੇ ਰਾਮ ਜੀ, ਗਰੇਟ ਤਬਲਾ ਮਾਸਟਰ, ਪੰਜਾਬ ਘਰਾਣਾ ਨੂੰ ਲਾਈਫਟਾਈਮ ਅਚੀਵਮੈਂਟ ਐਵਾਰਡ ਪ੍ਰਦਾਨ ਕੀਤੇ ਗਏ।

ਪ੍ਰਚੀਨ ਕਲਾ ਕੇਂਦਰ ਦੇ ਸਕੱਤਰ ਸਜਲ ਕੋਸਰ ਨੇ ਕਿਹਾ, 'ਟ੍ਰਾਈਸਿਟੀ ਵਿੱਚ ਸੰਗੀਤ ਦੇ ਸ਼ੌਕੀਨਾਂ ਲਈ ਸ਼ਾਨਦਾਰ ਧੁਨਾਂ ਅਤੇ ਕਲਾਤਮਕ ਚਮਕ ਵਾਲੀ ਇਹ ਯਾਦਗਾਰੀ ਸ਼ਾਮ ਸੀ ਕਿਉਂਕਿ ਡਾ. ਮਲਕੀਤ ਸਿੰਘ ਨੇ ਆਪਣੀ ਸੰਗੀਤਕ ਸ਼ਕਤੀ ਨਾਲ ਟੈਗੋਰ ਥੀਏਟਰ ਦੀ ਸਟੇਜ 'ਤੇ ਕਬਜ਼ਾ ਕੀਤਾ ਸੀ।'

ਡਾ. ਮਲਕੀਤ ਸਿੰਘ ਦੇ ਨਾਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਲਾਕਾਰਾਂ ਨੇ ਤਬਲਾ, ਗਿਟਾਰ, ਸਾਰੰਗੀ ਅਤੇ ਹਰਮੋਨੀਅਮ ਵਿੱਚ ਆਪਣੀ ਮੁਹਾਰਤ ਦਾ ਪ੍ਰਦਰਸ਼ਨ ਕੀਤਾ। ਅਜਰਾਦਾ ਘਰਾਣੇ ਦੇ ਉਸਤਾਦ ਅਕਰਮ ਖਾਨ ਨੇ ਤਬਲੇ 'ਤੇ ਬਨਾਰਸ ਤੋਂ ਸੁਮਿਤ ਮਿਸ਼ਰਾ ਹਾਰਮੋਨੀਅਮ 'ਤੇ ਅਤੇ ਅਦਭੁਤ ਮੁਰਾਦਾਬਾਦ ਸਾਰੰਗੀਆ ਸਿੱਦੀਕੀ ਅਹਿਮਦ ਖਾਨ ਦੇ ਪੋਤੇ ਮੁਰਾਦ ਅਲੀ ਖਾਨ ਨੇ ਸਾਰੰਗੀ ਵਾਦਨ ਨਾਲ ਆਪਣੀ ਕਲਾ ਦਾ ਮੁਜਾਹਰਾ ਕੀਤਾ।

## ਡਾਕਟਰ ਮੋਹਨਜੀਤ, ਰਾਣੀ ਬਲਬੀਰ ਕੌਰ, ਅਰਪਨਾ ਕੌਰ, ਦੇਸ਼ ਰਾਜ ਲਚਕਾਨੀ ਤੇ ਬਲਦੇਵ ਸਿੰਘ ਸੜਕਨਾਮਾ ਨੂੰ ਮਿਲਣਗੇ ਲੱਖ ਲੱਖ ਰੁਪਈਏ ਵਾਲੇ ਪੰਜਾਬ ਗੌਰਵ ਪੁਰਸਕਾਰ

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ

ਚੰਡੀਗੜ੍ਹ, 19 ਜਨਵਰੀ : ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ ਦੁਆਰਾ ਪੰਜ ਰੋਜ਼ਾ ਡਾਕਟਰ ਐਮ. ਐਸ. ਰੰਧਾਵਾ ਕਲਾ ਅਤੇ ਸਾਹਿਤ ਉਤਸਵ 2 ਫਰਵਰੀ ਤੋਂ ਮਨਾਇਆ ਜਾਏਗਾ ਜਿਸ ਵਿੱਚ ਪੰਜ ਪੰਜਾਬ ਗੌਰਵ ਪੁਰਸਕਾਰ ਦਿੱਤੇ ਜਾਣਗੇ।

ਇੱਥੇ ਪੱਤਰਕਾਰ ਸੰਮੇਲਨ ਦੌਰਾਨ ਚੇਅਰਮੈਨ ਡਾਕਟਰ ਸੁਰਜੀਤ ਪਾਤਰ ਨੇ ਅਹੁਦੇਦਾਰ ਲਖਵਿੰਦਰ ਜੌਹਲ, ਡਾਕਟਰ



ਸਰਬਜੀਤ ਕੌਰ ਸੋਹਲ, ਡਾਕਟਰ ਯੋਗਰਾਜ, ਦੀਵਾਨ ਮਾਨਾ, ਕੇਵਲ ਧਾਲੀਵਾਲ, ਸੁਰਿੰਦਰ ਸਿੰਘ ਸੁੰਨੜ ਤੇ ਪ੍ਰੀਤਮ ਸਿੰਘ ਰੂਪਾਲ ਦੀ ਹਾਜ਼ਰੀ ਵਿੱਚ ਦੱਸਿਆ ਕਿ ਸਾਹਿਤ ਅਤੇ ਕਲਾ ਦੇ ਖੇਤਰ ਦੀਆਂ ਪੰਜ ਹਸਤੀਆਂ ਨੂੰ ਪੰਜਾਬ ਗੌਰਵ ਸਨਮਾਨ ਦਿੱਤਾ ਜਾਏਗਾ ਜਿਨਾਂ ਵਿੱਚ ਡਾਕਟਰ ਮੋਹਨਜੀਤ, ਰਾਣੀ ਬਲਬੀਰ ਕੌਰ, ਅਰਪਨਾ ਕੌਰ, ਦੇਸ ਰਾਜ ਲਚਕਾਨੀ ਤੇ ਬਲਦੇਵ ਸਿੰਘ ਸੜਕਨਾਮਾ ਦੇ ਨਾਂ ਸ਼ਾਮਿਲ ਹਨ। ਇਹਨਾਂ ਨੂੰ ਇਕ ਲੱਖ ਰੁਪਏ ਨਕਦ ਅਤੇ ਪ੍ਰਸੰਸਾ ਪੱਤਰ ਦਿੱਤੇ ਜਾਣਗੇ । ਇਸ ਮੌਕੇ ਕਲਾ ਪ੍ਰੀਸ਼ਦ ਦਾ ਮੈਗਜ਼ੀਨ 'ਕਲਾ ਦੁਆਰ' ਵੀ ਲੋਕ ਅਰਪਿਤ ਕੀਤਾ ਜਾਏਗਾ।

ਡਾਕਟਰ ਪਾਤਰ ਨੇ ਦੱਸਿਆ ਕਿ ਉਤਸਵ ਦੇ ਪੰਜ ਦਿਨ ਕਲਾ ਅਤੇ ਸਾਹਿਤ ਨੂੰ ਸਮਰਪਿਤ ਹੋਣਗੇ ਜਿਨਾਂ ਵਿੱਚ ਸੈਮੀਨਾਰ, ਹੀਰ ਵਾਰਸ ਗਾਇਨ, ਕਵੀ ਦਰਬਾਰ, ਨਾਟਕ ਅਤੇ ਵੱਖ ਵੱਖ ਸ਼ਖਸ਼ੀਅਤਾਂ ਦੇ ਰੂਬਰੂ ਕਰਵਾਏ ਜਾਣਗੇ।

ਕਲਾ ਪ੍ਰੀਸ਼ਦ ਦੇ ਵਿੱਤੀ ਲੇਖੇ ਜੋਖੇ ਬਾਰੇ ਪੁੱਛੇ ਜਾਣ ਤੇ ਡਾਕਟਰ ਪਾਤਰ ਨੇ ਦੱਸਿਆ ਕਿ ਕਲਾ ਪ੍ਰੀਸ਼ਦ ਲਈ ਨਾਨ ਪਲਾਨ ਸਕੀਮ ਵਿੱਚ ਪੱਕੇ ਬਜਟ ਦੀ ਬੜੀ ਲੋੜ ਹੈ। ਜੇਕਰ ਸਰਕਾਰ ਸਾਡੀ ਇਹ ਮੰਗ ਮੰਨ ਲਵੇ ਤਾਂ ਕਲਾ ਅਤੇ ਸਾਹਿਤ ਦੇ ਪ੍ਰੋਗਰਾਮ ਹੋਰ ਵੀ ਸੁਚਾਰੂ ਤਰੀਕੇ ਨਾਲ ਚਲਾਏ ਜਾ ਸਕਦੇ ਹਨ।

## ਪੰਜਾਬ ਕੇਡਰ ਦੇ 2 ਆਈ.ਏ.ਐਸ ਕੇਂਦਰ ਵਿੱਚ ਸੰਯੁਕਤ ਸਕੱਤਰ ਦੇ ਅਹੁਦੇ ਲਈ ਨਿਯੁਕਤ

ਵਰਲਡ ਪੰਜਾਬੀ ਟਾਈਮਜ਼




ਚੰਡੀਗੜ੍ਹ 19 ਜਨਵਰੀ : ਪਰਸੋਨਲ ਮੰਤਰਾਲੇ ਨੇ ਭਾਰਤੀ ਪ੍ਰਸ਼ਾਸਨਿਕ ਸੇਵਾ (IAS) ਦੇ 2007 ਬੈਚ ਦੇ 32 ਅਧਿਕਾਰੀਆਂ ਨੂੰ ਕੇਂਦਰ ਵਿੱਚ ਸੰਯੁਕਤ ਸਕੱਤਰ ਜਾਂ ਇਸ ਦੇ ਬਰਾਬਰ ਦਾ ਅਹੁਦਾ ਸੰਭਾਲਣ ਲਈ ਸੂਚੀਬੱਧ ਕੀਤਾ ਹੈ। ਇਨ੍ਹਾਂ 32 ਵਿੱਚੋਂ 2 ਪੰਜਾਬ ਕੇਡਰ ਦੇ ਆਈਏਐਸ ਅਧਿਕਾਰੀ ਅਨਿੰਦਿਤਾ ਮਿੱਤਰਾ ਅਤੇ ਮੁਹੰਮਦ ਤਇਅਬ ਨੂੰ ਕੇਂਦਰ ਵਿੱਚ ਸੰਯੁਕਤ ਸਕੱਤਰ ਜਾਂ ਇਸ ਦੇ ਬਰਾਬਰ ਦਾ ਅਹੁਦਾ ਸੰਭਾਲਣ ਲਈ ਸੂਚੀਬੱਧ ਕੀਤਾ ਗਿਆ ਹੈ। ਅਨਿੰਦਿਤਾ ਮਿੱਤਰਾ, 2007 ਬੈਚ ਦੀ ਆਈ.ਏ.ਐਸ. ਚੰਡੀਗੜ੍ਹ ਵਿਖੇ ਡੈਪੂਟੇਸ਼ਨ 'ਤੇ ਹੈ ਅਤੇ ਕਮਿਸ਼ਨਰ ਨਗਰ ਨਿਗਮ, ਚੰਡੀਗੜ੍ਹ ਦਾ ਚਾਰਜ ਸੰਭਾਲ ਰਹੀ ਹੈ ਅਤੇ ਮੁਹੰਮਦ ਤਇਅਬ, ਆਈ.ਏ.ਐਸ., 2007 ਬੈਚ, ਪੰਜਾਬ ਸਰਕਾਰ ਦੇ ਸਕੱਤਰ ਖਰਚੇ ਹਨ।

## ਦਵਿੰਦਰ ਸਿੰਘ ਮਾਂਗਟ ਦੀ ਪੁਸਤਕ 'ਓਰੀਜਨ ਆਫ ਦਿ ਸਿੰਘ ਸਭਾ ਮੂਵਮੈਂਟ ਐਂਡ ਇਟਸ ਲੀਗੇਸੀ' ਰਿਲੀਜ਼

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 19 ਜਨਵਰੀ : ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਸਾਲ 2024 ਦੀ ਪਹਿਲੀ ਮਹੀਨਾਵਾਰ ਮੀਟਿੰਗ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਦਵਿੰਦਰ ਸਿੰਘ ਮਾਂਗਟ, ਮੋਤਾ ਸਿੰਘ ਝੀਤਾ ਅਤੇ ਦਰਸ਼ਨ ਸੰਘਾ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਦਵਿੰਦਰ ਸਿੰਘ ਮਾਂਗਟ ਦੀ ਅੰਗ੍ਰੇਜ਼ੀ ਪੁਸਤਕ Origin of the Singh Sabha Movement and it's legacy ਲੋਕ




ਅਰਪਣ ਕੀਤੀ ਗਈ। ਪੁਸਤਕ ਬਾਰੇ ਪ੍ਰਿਤਪਾਲ ਗਿੱਲ, ਡਾ. ਪ੍ਰਿਥੀਪਾਲ ਸੋਹੀ, ਪ੍ਰੋ. ਕਸ਼ਮੀਰਾ ਸਿੰਘ ਗਿੱਲ, ਪੂਰਨ ਸਿੰਘ, ਦਵਿੰਦਰ ਬੈਨੀਪਾਲ, ਹਰਿੰਦਰ ਕੌਰ ਸੋਹੀ, ਪ੍ਰੇਮ ਸਿੰਘ ਬਿਨਿੰਗ ਨੇ ਪਰਚੇ। ਲੇਖਕ ਦਵਿੰਦਰ ਸਿੰਘ ਮਾਂਗਟ ਨੇ ਆਪਣੀ ਪੁਸਤਕ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਪੁਸਤਕ ਰਿਲੀਜ਼ ਕਰਨ ਦੀ ਰਸਮੀ ਕਾਰਵਾਈ ਉਪਰੰਤ ਲੇਖਕ ਅਤੇ ਉਸ ਦੀ ਪਤਨੀ ਨੂੰ ਸਭਾ ਵੱਲੋਂ ਸਨਮਾਨ ਚਿੰਨ ਭੇਂਟ ਕੀਤਾ ਗਿਆ। ਇਸ ਮੌਕੇ ਪੰਜਾਬੀ ਸਾਹਿਤ ਸਭਾ ਸਿਆਟਲ ਦੇ ਪ੍ਰਧਾਨ ਬਲਿਹਾਰ ਸਿੰਘ ਲੇਲ੍ਹ, ਹਰਚੰਦ ਸਿੰਘ ਗਿੱਲ, ਇੰਦਰਪਾਲ ਸਿੰਘ ਸੰਧੂ, ਮਾਸਟਰ ਅਮਰੀਕ ਸਿੰਘ ਲੇਲ੍ਹ, ਅਮਰੀਕ ਪਲਾਹੀ, ਹਰਪਾਲ ਸਿੰਘ ਬਰਾੜ, ਇੰਦਰਜੀਤ ਸਿੰਘ ਧਾਮੀ, ਕਵਿੰਦਰ ਚਾਂਦ, ਚਰਨ ਸਿੰਘ, ਪ੍ਰੇਮ ਸਿੰਘ ਬਿਨਿੰਗ, ਕੁਲਦੀਪ ਗਿੱਲ, ਨਰਿੰਦਰ ਬਾਹੀਆ, ਪ੍ਰੋ. ਦਵਿੰਦਰ ਪਾਲ ਕੌਰ, ਡਾ. ਲਖਵਿੰਦਰ ਸਿੰਘ, ਮਨਜੀਤ ਸਿੰਘ ਮੱਲ੍ਹਾ, ਰੂਪਿੰਦਰ ਸਿੰਘ, ਸੁਰਜੀਤ ਸਿੰਘ ਪੰਧੇਰ, ਗੁਰਮੀਤ ਸਿੰਘ ਕਾਲਕਟ, ਕਮਲਜੀਤ ਸਿੰਘ ਜੌਹਲ, ਜਸਬੀਰ ਕੌਰ, ਰਮੇਸ਼ ਕੌਰ ਸਹੋਤਾ, ਗੁਰਦੀਪ ਕੌਰ ਹੰਸ ਰਾਓ, ਖੁਸ਼ਵੰਤ ਕੌਰ ਗਿੱਲ, ਗੁਰਮੀਤ ਸਿੰਘ ਗਿੱਲ, ਸੁਰਜੀਤ ਸਿੰਘ ਬਾਠ, ਧਰਮਪਾਲ ਸਿੰਘ, ਕਸ਼ਮੀਰ ਸਿੰਘ ਉਪਲ, ਗੁਰਦਰਸ਼ਨ ਸਿੰਘ ਤਤਲਾ, ਅਜੀਤ ਸਿੰਘ, ਗੁਰਦਿਆਲ ਸਿੰਘ, ਨਰਿੰਦਰ ਸਿੰਘ ਪੰਨੂ, ਬਲਬੀਰ ਸਿੰਘ ਸੰਘਾ, ਸਵਿੰਦਰ ਸਿੰਘ ਪੰਨੂ, ਪਰਮਿੰਦਰ ਕੌਰ ਸਵੈਚ, ਦਵਿੰਦਰ ਕੌਰ ਸਹੋਤਾ, ਜਸਵੰਤ ਸਿੰਘ, ਮਲਕੀਤ ਸਿੰਘ ਖੰਗੂੜਾ, ਦਇਆ ਕੌਰ, ਲਖਵਿੰਦਰ ਸਿੰਘ, ਦਵਿੰਦਰ ਕੌਰ, ਗੁਰਪ੍ਰੀਤ ਸਿੰਘ, ਪਰਵੀਨ ਕੌਰ, ਅਮਰਜੀਤ ਕੌਰ ਮਾਂਗਟ, ਮੋਹਨ ਸਿੰਘ ਸਹੋਤਾ, ਜਸਕੀਰਤ ਸਹੋਤਾ, ਜਸਪ੍ਰੀਤ ਹੰਸ ਰਾਓ ਸ਼ਾਮਿਲ ਹੋਏ। ਹਾਜਰ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਸ਼ਹੀਦ ਮੇਵਾ ਸਿੰਘ ਲੋਪੋਕੇ ਦੀ ਯਾਦ ਨੂੰ ਸਮਰਪਿਤ ਕੀਤੀ ਇਸ ਮੀਟਿੰਗ ਵਿਚ ਸੁਰਜੀਤ ਸਿੰਘ ਮਾਧੋਪੁਰੀ ਨੇ ਆਪਣੀ ਸੁਰੀਲੀ ਆਵਾਜ਼ ਵਿਚ ਸ਼ਹੀਦ ਮੇਵਾ ਸਿੰਘ ਲੋਪੋਕੇ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਇਕ ਸ਼ੋਕ ਮਤੇ ਰਾਹੀਂ ਕਾਮਰੇਡ ਸਭਾ ਵੱਲੋਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਕਾਮਰੇਡ ਹਰਬੰਸ ਸਿੰਘ ਢਿੱਲੋਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਅੰਤ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭ ਦਾ ਧੰਨਵਾਦ ਕੀਤਾ। ਦਰਸ਼ਨ ਸੰਘਾ ਨੇ ਸਟੇਜ ਦਾ ਸੰਚਾਲਨ ਬਾਖੂਬੀ ਕੀਤਾ।

## ਇਟਲੀ : ਇੱਕ ਅਣਪਛਾਤੇ ਵਿਅਕਤੀ ਨੇ ਸਪੀਡ ਵਾਲੇ ਕੈਮਰਿਆਂ ਦੇ ਖੰਭਿਆਂ ਨੂੰ ਵੱਢਿਆ

ਵਰਲਡ ਪੰਜਾਬੀ ਟਾਈਮਜ਼ ਨਵਜੋਤ ਪਨੈਚ ਢੀਂਡਸਾ



ਮਿਲਾਨ, 19 ਜਨਵਰੀ : "ਫਲੈਕਸੀਮੈਨ" ਇਟਲੀ ਦੇ ਸੋਸ਼ਲ ਮੀਡੀਆ ਤੇ ਇਹ ਨਾਮ ਇਸ ਵੇਲੇ ਖੂਬ ਚਰਚਾ ਵਿੱਚ ਹੈ। ਕਿਉਂਕਿ ਇਹ ਇੱਕ ਅਣਪਛਾਤਾ ਵਿਅਕਤੀ ਹੈ ਜੋ ਕਿ ਸੜਕਾਂ ਤੇ ਲੱਗੇ ਸਪੀਡ ਕੈਮਰਿਆਂ ਦੇ ਖੰਬਿਆਂ ਨੂੰ ਵੱਢ ਰਿਹਾ ਹੈ। ਸੋਸ਼ਲ ਮੀਡੀਆ ਤੇ ਲੋਕ ਇਸ ਨੂੰ ਆਪਣਾ ਹੀਰੋ ਦੱਸ ਰਹੇ ਹਨ। ਇਹ ਸਿਲਸਿਲਾ ਸ਼ੁਰੂ ਹੋਇਆ ਸੀ 5 ਅਗਸਤ 2023 ਨੂੰ ਜਿਸ ਨੂੰ ਕਿ ਬਹੁਤੀ ਅਹਿਮੀਅਤ ਨਹੀਂ ਦਿੱਤੀ ਗਈ ਸੀ।



ਲੇਕਿਨ ਅਗਸਤ ਤੋਂ ਕਰਿਸਮਸ ਤੱਕ ਅਜਿਹੀ ਘਟਨਾਵਾਂ ਇਟਲੀ ਦੇ ਸੂਬਾ ਪੀਏਮੋਤੇ,ਲੋਮਬਾਰਦੀਆ ਅਤੇ ਵੈਨੇਤੋ ਦੇ ਨੌ ਵੱਖ ਵੱਖ ਹਿੱਸਿਆਂ ਵਿੱਚ ਵਾਪਰੀਆਂ ਚੁੱਕੀਆਂ ਹਨ। ਹਾਲ ਹੀ ਵਿੱਚ ਵੈਨੇਤੋ ਸੂਬੇ ਦੇ ਪੋਲੇਜੀਨੇ,ਪਾਸੋ ਦੈਲੇ ਜਾਊ,ਬੈਲੋਨੇਜੇ ਅਤੇ ਕੋਰਤੀਨਾ ਵਿਚ ਸਪੀਡ ਵਾਲੇ ਕੈਮਰਿਆਂ ਦੇ ਖੰਬਿਆਂ ਨੂੰ ਆਟੋਮੈਟਿਕ ਆਰੀ ਨਾਲ ਵੱਢ ਦਿੱਤਾ ਗਿਆ। ਪਾਦੋਵਾ ਨੇੜੇ ਪੈਂਦੇ ਇੱਕ ਸੜਕ ਤੇ ਲੱਗੇ ਉਸ ਸਪੀਡ ਕੈਮਰੇ ਨੂੰ ਵੱਢਿਆ ਗਿਆ ਜਿਸ ਨੇ ਕਿ ਪਿਛਲੇ ਇਕ ਮਹੀਨੇ



ਵਿੱਚ 24 ਹਜਾਰ ਯੂਰੋ ਤੱਕ ਦੇ ਜੁਰਮਾਨੇ ਕੀਤੇ ਸਨ। ਇਸ ਤੋਂ ਵੀ ਅੱਗੇ ਚਲਦਿਆਂ ਲੰਘੇ ਹਫਤੇ ਦੇ ਅਖੀਰ ਵਿੱਚ ਇਮੀਲੀਆ ਰੋਮਾਨਿਆ ਸੂਬੇ ਦੇ ਇਲਾਕਾ ਬਾਸਾ ਰੈਜਾਨਾ ਵਿਖੇ ਇਕ ਕੈਮਰੇ ਨੂੰ ਖਰਾਬ ਕੀਤਾ ਗਿਆ ਅਤੇ ਨੋਵੇਲਾਰਾ ਨੇੜੇ ਇਕ ਕੈਮਰੇ ਨੂੰ ਸਾੜ ਦਿੱਤਾ ਗਿਆ। ਇਟਲੀ ਵਿੱਚ ਹੁਣ ਤੱਕ ਕੈਮਰੇ ਵੱਢਣ ਦੀਆਂ 11 ਤੋਂ 12 ਘਟਨਾਵਾਂ ਵਾਪਰ ਚੁੱਕੀਆਂ ਹਨ। ਜਿੱਥੇ ਕਿ ਸੋਸ਼ਲ ਮੀਡੀਆ 'ਤੇ ਉਸ ਅਣਪਛਾਤੇ ਵਿਅਕਤੀ ਦੇ ਬਹੁਤ ਸਾਰੇ ਚਾਹੁਣ ਵਾਲੇ ਬਣ ਗਏ ਹਨ ਜੋ ਕਿ ਉਸ ਬਾਰੇ ਵੱਖ ਵੱਖ ਤਰ੍ਹਾਂ ਦੇ ਕਮੈਂਟ ਲਿਖ ਰਹੇ ਹਨ ਜਿਵੇਂ ਕਿ "ਤੂੰ ਇੱਕ ਸੁਪਰ ਹੀਰੋ ਹੈ ਤੇਰਾ ਬੁੱਤ ਲੱਗਣਾ ਚਾਹੀਦਾ ਹੈ ਭਾਵੇਂ ਕਿ ਤੂੰ ਅਦੇਸ਼ਾਂ ਨੂੰ ਨਹੀਂ ਮੰਨ ਰਿਹਾ ਫਿਰ ਵੀ ਸਾਡੇ ਲਈ ਤੂੰ ਕਿਸੇ ਸੁਪਰ ਹੀਰੋ ਤੋਂ ਘੱਟ ਨਹੀਂ ਹੈ" । ਅਜਿਹੇ ਹੋਰ ਵੀ ਪਤਾ ਨਹੀਂ ਕਿੰਨੇ ਕਮੈਂਟ ਲੋਕ ਫਲੈਕਸੀਮੈਨ ਲਈ ਸੋਸ਼ਲ ਮੀਡੀਆ ਤੇ ਲਿਖ ਰਹੇ ਹਨ। ਪ੍ਰਸ਼ਾਸਨ ਵੀ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈ ਰਿਹਾ ਹੈ ਵੇਰੋਨਾ ਦੇ ਅਧਿਕਾਰੀਆਂ ਨੇ ਵੀ ਇਟਾਲੀਅਨ ਮੀਡੀਏ ਨੂੰ ਦੱਸਿਆ ਕਿ ਇਸ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ ਸੀਸੀਟੀਵੀ ਫੁਟੇਜ ਰਾਹੀਂ ਅਤੇ ਹੋਰ ਤਰੀਕਿਆਂ ਰਾਹੀਂ ਦੋਸ਼ੀ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਫਲੈਕਸੀਮੈਨ ਅਤੇ ਪਰਸ਼ਾਸਨ ਦੀ ਇਹ ਲੁਕਣ-ਮੀਚੀ ਦੀ ਖੇਡ ਕਦੋਂ ਖਤਮ ਹੁੰਦੀ ਹੈ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਵਿਖੇ ਸਮਾਜਿਕ ਸਿੱਖਿਆ ਵਿਸ਼ੇ ਦਾ ਸੈਮੀਨਾਰ ਆਯੋਜਿਤ

ਵਰਲਡ ਪੰਜਾਬੀ ਟਾਈਮਜ਼



ਜਗਰਾਉਂ 19 ਜਨਵਰੀ: ਸਮਾਜਿਕ ਵਿਗਿਆਨ ਵਿਸ਼ੇ ਦੀਆਂ ਸਿੱਖਣ ਸਿਖਾਉਣ ਦੀਆਂ ਤਕਨੀਕਾਂ ਦੀ ਜਾਣਕਾਰੀ ਨਾਲ ਅਧਿਆਪਕਾਂ ਨੂੰ ਲੈਸ ਕਰਨ ਹਿੱਤ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਡਾਇਟ ਪ੍ਰਿੰਸੀਪਲ ਮੈਡਮ ਰਾਜਵਿੰਦਰ ਕੌਰ, ਸਟੇਟ ਰਿਸੋਰਸ ਪਰਸਨ ਸ੍ਰੀ ਅਮਨਦੀਪ ਸਿੰਘ ਅਤੇ ਸਥਾਨਕ ਸਕੂਲ ਦੇ ਪ੍ਰਿੰਸੀਪਲ ਸ੍ਰੀ ਗੁਰਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਬਲਾਕ ਰਿਸੋਰਸ ਪਰਸਨ ਮਾਸਟਰ ਹਰਭਿੰਦਰ ਸਿੰਘ ਮੁੱਲਾਪੁਰ ਅਤੇ ਅਮਨਦੀਪ ਸਿੰਘ ਦੀ ਨੇ ਸਮੁੱਚੇ ਜਗਰਾਉਂ ਬਲਾਕ ਦੇ ਸਮਾਜਿਕ ਵਿਗਿਆਨ ਪੜ੍ਹਾਉਂਦੇ ਅਧਿਆਪਕਾਂ ਦਾ ਇੱਕ ਰੋਜ਼ਾ ਸੈਮੀਨਾਰ ਸਕੂਲ ਵਿੱਚ ਆਯੋਜਿਤ ਕੀਤਾ । ਇਸ ਸੈਮੀਨਾਰ ਵਿੱਚ ਅਧਿਆਪਕਾਂ ਨੂੰ ਸਮਾਜਿਕ ਸਿੱਖਿਆ ਵਿਸ਼ੇ ਨੂੰ ਰੌਚਕ ਬਣਾਉਣ ਵਾਲੀਆਂ ਤਕਨੀਕਾਂ ਜਿਵੇਂ ਕਿ ਮਾਇੰਡ ਮੈਪ, ਵਰਡ ਵਾਲ, ਟਾਇਮ ਲਾਇਨ, ਗਲੋਬ , ਨਕਸ਼ਿਆਂ ਅਤੇ ਡਿਜੀਟਲ ਤਕਨੀਕਾਂ , ਐਜੂਕੇਅਰ ਐਪ, ਚਾਰਟਾਂ ਅਤੇ ਮਾਡਲਾਂ ਦੀ ਵਰਤੋਂ ਤੋਂ ਇਲਾਵਾ ਵਿਸ਼ੇ ਨਾਲ ਸੰਬੰਧਿਤ ਸਕਰੈਪ ਬੁੱਕ ਤਿਆਰ ਕਰਵਾਉਣੀ, ਸਲਾਨਾ ਪੇਪਰਾਂ ਦੀ ਰੂਪ ਰੇਖਾ ਆਦਿ ਬਾਰੇ ਜਾਣੂ ਕਰਵਾਇਆ ।



ਸੈਮੀਨਾਰ ਦੌਰਾਨ ਅਧਿਆਪਕਾਂ ਨੇ ਰੋਲ ਮਾਡਲ ਕਿਰਿਆਵਾਂ ਕੀਤੀਆਂ। ਮਾਸਟਰ ਰਣਜੀਤ ਸਿੰਘ ਹਠੂਰ,ਮਨਜਿੰਦਰ ਸਿੰਘ ਖਾਲਸਾ ,ਮਾਸਟਰ ਬਲਕਰਨ ਸਿੰਘ ਅਤੇ ਮੈਡਮ ਮਨਦੀਪ ਕੌਰ ਤੋਂ ਇਲਾਵਾ ਹੋਰ ਅਧਿਆਪਕਾਂ ਨੇ ਵੀ ਸਮਾਜਿਕ ਸਿੱਖਿਆ ਵਿਸ਼ੇ ਸਬੰਧੀ ਆਪਣੇ ਵਿਚਾਰ ਵਟਾਂਦਰੇ ਅਤੇ ਸੁਝਾਅ ਪੇਸ਼ ਕੀਤੇ। ਵਿਸ਼ੇਸ਼ ਤੌਰ 'ਤੇ ਪੁੱਜੇ ਡਾਕਟਰ ਸੁਰਜੀਤ ਸਿੰਘ ਦੌਧਰ ਨੇ ਅਧਿਆਪਕਾਂ ਨਾਲ ਪ੍ਰੇਰਨਾ ਦਾਇਕ ਲੈਕਚਰ ਸਾਂਝਾ ਕੀਤਾ।

## ਪੰਜਾਬ ਸਰਕਾਰ ਦੀ 2024 ਦੀ ਪਹਿਲੀ ਵੱਡੀ ਨਿਯੁਕਤੀ

### ਇੰਦਰਪਾਲ ਸਿੰਘ ਧੰਨਾ ਨੂੰ ਮੁੱਖ ਸੂਚਨਾ ਕਮਿਸ਼ਨਰ ਨਿਯੁਕਤ

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ 19 ਜਨਵਰੀ : ਪੰਜਾਬ ਸਰਕਾਰ ਨੇ ਐਡਵੋਕੇਟ ਅਤੇ ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ ਇੰਦਰਪਾਲ ਸਿੰਘ ਧੰਨਾ ਨੂੰ ਮੁੱਖ ਸੂਚਨਾ ਕਮਿਸ਼ਨਰ ਨਿਯੁਕਤ ਕੀਤਾ ਹੈ। ਸਾਬਕਾ ਡੀਜੀਪੀ ਸੁਰੇਸ਼ ਅਰੋੜਾ ਦਾ ਕਾਰਜਕਾਲ ਸਤੰਬਰ 2023 ਵਿੱਚ ਖਤਮ ਹੋਣ ਤੋਂ ਬਾਅਦ ਇਹ ਅਹੁਦਾ ਖਾਲੀ ਹੋ ਗਿਆ ਸੀ।2022 ਵਿੱਚ ਸੱਤਾਧਾਰੀ ਪਾਰਟੀ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਪੰਜਾਬ ਸਰਕਾਰ ਨੇ ਪੰਜਾਬ ਤੋਂ ਬਾਹਰੋਂ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ, ਵਾਈਸ ਚਾਂਸਲਰ ਬਾਬਾ ਫਰੀਦ ਹੈਲਥ ਸਾਇੰਸਜ਼ ਯੂਨੀਵਰਸਿਟੀ, ਚੇਅਰਮੈਨ ਰੇਰਾ ਦੀ ਨਿਯੁਕਤੀ ਕਿਸੇ ਵੀ ਪੰਜਾਬੀ ਨਿਵਾਸੀ ਲਈ ਇੱਕ ਵੱਡੀ ਨਿਯੁਕਤੀ ਹੈ। ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਸੁਧਾਰਾਂ ਅਤੇ ਜਨਤਕ ਸ਼ਿਕਾਇਤਾਂ ਵਿਭਾਗ ਨੇ 15 ਦਸੰਬਰ, 2023 ਤੱਕ ਮੁੱਖ ਸੂਚਨਾ ਕਮਿਸ਼ਨਰ ਅਤੇ ਰਾਜ ਸੂਚਨਾ ਕਮਿਸ਼ਨਰਾਂ ਦੀਆਂ ਤਿੰਨ ਅਸਾਮੀਆਂ ਨੂੰ ਭਰਨ ਲਈ ਅਰਜ਼ੀਆਂ ਨੂੰ ਦੁਬਾਰਾ ਸੱਦਾ ਦਿੱਤਾ ਹੈ।ਉਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ 10 ਜੁਲਾਈ, 2019 ਨੂੰ ਸੀਆਈਸੀ ਵਜੋਂ ਨਿਯੁਕਤ ਕੀਤਾ ਸੀ ਅਤੇ ਉਨ੍ਹਾਂ ਦੀ ਮਿਆਦ 25 ਸਤੰਬਰ, 2023 ਨੂੰ ਖਤਮ ਹੋ ਗਈ ਸੀ।

## ਪੰਜਾਬ ਦੀ ਤਸਵੀਰ ਪੇਸ਼ ਕਰਦਾ ਹਰਪ੍ਰੀਤ ਸਿੰਘ ਜਗਰਾਉਂ ਦਾ ਗਾਇਆ ਗੀਤ "ਪੀੜ ਪੰਜਾਬ ਦੀ"ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਸਾਥੀਆਂ ਵੱਲੋਂ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾਃ 19 ਜਨਵਰੀ ਸਿਹਤਮੰਦ ਪੰਜਾਬੀ ਸੰਗੀਤ ਪਰੰਪਰਾ ਦੇ ਪੇਸ਼ਕਾਰ ਤੇ ਬੁਲੰਦ ਆਵਾਜ਼ ਦੇ ਮਾਲਕ ਹਰਪ੍ਰੀਤ ਸਿੰਘ ਜਗਰਾਉਂ ਦੇ ਗਾਏ, ਜਸਵਿੰਦਰ ਸਿੰਘ ਜਲਾਲ ਦੇ ਲਿਖੇ ਅਤੇ ਦੇਵਿੰਦਰ ਕੈਂਥ ਵੱਲੋਂ ਰਸਵੰਤੇ ਸੰਗੀਤ ਚ ਪਰੋਏ ਗੀਤ "ਪੀੜ ਪੰਜਾਬ ਦੀ" ਨੂੰ ਅੱਜ ਸਵੇਰੇ ਲੁਧਿਆਣਾ ਵਿੱਚ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਤੇ ਉੱਘੇ ਲੇਖਕ ਪ੍ਰੋ. ਗੁਰਭਜਨ ਸਿੰਘ ਗਿੱਲ, ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ ਦੇ ਚੇਅਰਮੈਨ ਕ ਕ ਬਾਵਾ ਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਭੱਠਲ ਨੇ ਲੋਕ ਅਰਪਨ ਕੀਤਾ।




ਗੀਤ ਸੁਣਨ ਉਪਰੰਤ ਬੋਲਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਇਸ ਗੀਤ ਦੇ ਬੋਲ ਅੱਜ ਦੇ ਸਮੇਂ ਵਿੱਚ ਨਸ਼ੇ ,ਲੱਚਰਤਾ ਅਤੇ ਮਿਲਾਵਟਖ਼ੋਰੀ ਕਰਕੇ ਪੰਜਾਬ ਮਾਨਸਿਕ ਪੀੜਾ ਵਿੱਚੋਂ ਗੁਜ਼ਰ ਰਹੇ ਪੰਜਾਬ ਦਾ ਦਰਦ ਬਿਆਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਰਹਿ ਕੇ ਹੀ ਚੰਗੇ ਰੁਜ਼ਗਾਰ ਦੀ ਪ੍ਰਾਪਤੀ ਲਈ ਯਤਨ ਕਰਨ ਤੋਂ ਭੱਜ ਕੇ ਨੌਜਵਾਨ ਬਾਹਰਲੇ ਦੇਸ਼ਾਂ ਵਿੱਚ ਜਾਣ ਦੀ ਦੌੜ ਵਿੱਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਗਾਇਕ ਅਤੇ ਗੀਤਕਾਰ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰਨ ਕਿ ਬੇਬਸੀ ਦੀ ਮਾਨਸਿਕ ਪੀੜ ਸਰੀਰਕ ਪੀੜ ਤੋਂ ਕਿਤੇ ਵੱਧ ਖ਼ਤਰਨਾਕ ਹੁੰਦੀ ਹੈ। ਅੱਜ ਜਸਵਿੰਦਰ ਸਿੰਘ ਜਲਾਲ ਤੇ ਹਰਪ੍ਰੀਤ ਸਿੰਘ ਵਰਗੇ ਵਿਰਲੇ ਹੀ ਲੇਖਕ ਅਤੇ ਗਾਉਣ ਵਾਲੇ ਹਨ ਜਿਹੜੇ ਵਿਰਸੇ ਤੇ ਮਾਣ ਕਰਨ ਵਾਲੇ ਤੱਥਾਂ ਨੂੰ ਲੋਕਾਂ ਵਿੱਚ ਲਿਆ ਕੇ ਚੜ੍ਹਦੀ ਕਲਾ ਦਾ ਸੰਦੇਸ਼ ਦੇ ਰਹੇ ਹਨ। ਇਸ ਮੌਕੇ ਵਿਸ਼ੇਸ਼ ਤੌਰ ਤੇ ਪ੍ਰੋ. ਰਵਿੰਦਰ ਭੱਠਲ ਨੇ ਬੋਲਦਿਆਂ ਕਿਹਾ ਕਿ ਮੇਰੇ ਪੁਰਾਣੇ ਵਿਦਿਆਰਥੀ ਜਸਵਿੰਦਰ ਜਲਾਲ ਨੇ ਸਿਹਤਮੰਦ ਸੋਚ ਧਾਰਾ ਵਾਲਾ ਗੀਤ ਲਿਖਿਆ ਹੈ ਅਤੇ ਪੂਰੀ ਸੰਵੇਦਨਾ ਨਾਲ ਹਰਪ੍ਰੀਤ ਸਿੰਘ ਜਗਰਾਉਂ ਨੇ ਗਾਇਆ ਹੈ।

ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ ਦੇ ਚੇਅਰਮੈਨ ਕ ਕ ਬਾਵਾ ਨੇ ਕਿਹਾ ਕਿ ਪੰਜਾਬ ਵਿੱਚ ਵਾਹੀਵਾਨਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦੇ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਇਨਕਲਾਬੀ ਕਾਰਜ ਕੀਤਾ। ਇਹ ਚੰਗੀ ਗੱਲ ਹੈ ਕਿ ਇਹ ਗੀਤ ਬਾਬਾ ਜੀ ਦੀ ਇਤਿਹਾਸਕ ਦੇਣ ਦਾ ਵੀ ਜੱਸ ਗਾਉਂਦਾ ਹੈ।

ਗੀਤਕਾਰ ਜਸਵਿੰਦਰ ਜਲਾਲ ਨੇ ਕਿਹਾ ਕਿ ਮੈਂ ਐੱਸ ਡੀ ਕਾਲਿਜ ਬਰਨਾਲਾ ਵਿੱਚ ਪ੍ਰੋਃ ਰਵਿੰਦਰ ਭੱਠਲ ਜੀ ਕੋਲੋਂ ਪੜ੍ਹਦਿਆਂ ਸਿਹਤਮੰਦ ਸਾਹਿੱਤ ਸੱਭਆਚਾਰ ਦੀ ਗੁੜ੍ਹਤੀ ਲਈ ਸੀ। ਉਸੇ ਦਾ ਹੀ ਪ੍ਰਤਾਪ ਹੈ ਕਿ ਚੰਗੀਆਂ ਕਦਰਾਂ ਕੀਮਤਾਂ ਵਾਲੇ ਗੀਤ ਲਿਖਣ ਨਾਲ ਹੀ ਰੂਹ ਨੂੰ ਸਕੂਨ ਮਿਲਦਾ ਹੈ। ਇਸ ਮੌਕੇ ਪੰਜਾਬ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਆਪਕ ਗੁਰਦੀਪ ਸਿੰਘ ਸੈਣੀ, ਜਗਜੀਤ ਸਿੰਘ ਝਾਂਡੇ, ਕੁਲਦੀਪ ਸਿੰਘ ਹਸਨਪੁਰ , ਅੰਗਰੇਜ ਸਿੰਘ ਰਾਮਪੁਰਾ ਵੀ ਹਾਜ਼ਰ ਸਨ।

## ਫਿਲਮ ਉੜਤਾ ਜੰਮੂ ਦੀ ਟੀਮ ਨੇ ਕੀਤਾ ਲੇਖਿਕਾ ਤੇ ਸਮਾਜ ਸੇਵਿਕਾ ਕੁਲਵੰਤ ਕੌਰ ਚੰਨ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ





ਜੰਮੂ,19 ਜਨਵਰੀ : ਹਿੰਦੀ ਫ਼ਿਲਮ ਉੜਤਾ ਜੰਮੂ ਦਾ ਪੋਸਟਰ 12 ਜਨਵਰੀ ਨੂੰ ਅਭਿਨੈਥੇਟਰ ਜੰਮੂ ਵਿਚ ਲਾਂਚ ਕੀਤਾ ਗਿਆ ਜਿਸ ਵਿਚ ਇਸ ਦੇ ਸਾਰੇ ਐਕਟਰ ਵੀ ਪਹੁੰਚੇ ਸਨ ਡਾਇਰੈਕਟਰ, ਪ੍ਰਡਿਊਸਰ ਜੇਅਸ ਗੁਪਤਾ ਜੀ ਨੇ ਇਸ ਸ਼ੁਭ ਕਾਰਜ ਸਮੇਂ ਕੁਲਵੰਤ ਕੌਰ ਚੰਨ ਫਰਾਂਸ ਜੀ ਨੂੰ ਸਪੈਸ਼ਲ 12 ਜਨਵਰੀ ਨੂੰ ਬੁਲਾਇਆ ਪਰ ਕਿਸੇ ਕਾਰਨ ਨਾ ਪਹੁੰਚਣ ਤੇ ਕਲ 17 ਜਨਵਰੀ ਨੂੰ ਜੇ ਅਸ ਗੁਪਤਾ ਜੀ ਤੇ ਮੀਡੀਆ ਟੀਮ ਨੇ ਆਰ ਐਸ ਪੁਰਾ ਚੰਨ ਜੀ ਦੇ ਘਰ ਪਹੁੰਚ ਕੇ ਉਨ੍ਹਾਂ ਨੂੰ ਫੁਲਕਾਰੀ ਅਤੇ ਮੋਮੈਂਟਓ ਨਾਲ ਸਨਮਾਨਿਤ ਕੀਤਾ । ਚੈਨਲ ਸਟੋਰੀ ਟੀਵੀ ਤੇ ਖਾਨ ਸਾਹਿਬ ਜੀ ਨੇ ਮੈਡਮ ਕੁਲਵੰਤ ਨਾਲ ਵਿਸ਼ੇਸ਼ ਇੰਟਰਵਿਊ ਕੀਤੀ ਜੋ ਜੰਮੂ ਟੀਵੀ ਤੇ ਵਿਖਾਈ ਜਾਵੇਗੀ । ਇਸ ਮੋਕੇ ਸ੍ਰ ਰਣਜੀਤ ਸਿੰਘ ਚੰਨ ,ਸੁਮਨਜੀਤ ਕੌਰ ਅਸਟ੍ਰੇਲੀਆ,ਪ੍ਰਨੀਤ ਕੌਰ ਅਸਟ੍ਰੇਲੀਆ,ਕੁਲਦੀਪ ਕੌਰ ਜੰਮੂ, ਊਸ਼ਾ ਰਾਣੀ ਜੰਮੂ ਸ਼ਾਮਿਲ ਸਨ ।

## ਕੁਦਰਤ ਦੀ ਹਰ ਸ਼ੈਅ



ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਡਾਲੀ-ਡਾਲੀ, ਪੱਤਾ-ਪੱਤਾ,

ਕੁਦਰਤ ਦੀ ਹਰ ਸ਼ੈਅ।

ਅੰਡਜ, ਜੇਰਜ, ਸੇਤਜ, ਉਤਭੁਜ,

ਜਿਉਂ ਨਗ਼ਮੇ ਦੀ ਲੈਅ।

ਹਰ ਜ਼ੱਰੇ ਤੇ ਹਰ ਕਿਣਕੇ ਵਿੱਚ,

ਦਿੱਸੇ ਓਹਦਾ ਨੂਰ।

ਨਦੀਆਂ, ਚਸ਼ਮੇ, ਪਰਬਤ, ਘਾਟੀ,

ਜਾਂ ਹੈ ਕੋਹਿਤੂਰ।

ਰਮਿਆ ਵਿੱਚ ਪ੍ਰਕਿਰਤੀ ਦੇ,

ਪਰ ਨਜ਼ਰੀਂ ਨਾ ਆਵੇ।

ਜੋਤੀ ਵਿੱਚ ਜਦ ਜੋਤੀ ਮਿਲਦੀ,

ਆਪਣਾ ਰੂਪ ਵਿਖਾਵੇ।

ਪੱਥਰ ਵਿੱਚ ਵੀ ਰਿਜ਼ਕ ਪੁਚਾਵੇ,

ਸਭ ਦੀ ਲੈਂਦਾ ਸਾਰ।

ਓਸ ਮਾਲਕ ਦੇ ਜੁਗਾਂ ਜੁਗਾਂ ਤੋਂ,

ਭਰੇ ਪਏ ਭੰਡਾਰ।

ਕਾਦਰ ਦੀ ਕੁਦਰਤ ਹੈ ਵੇਖੋ,

ਕਿੰਨੀ ਪਾਕ-ਪੁਨੀਤ।

ਥਾਹ ਨਾ ਕੋਈ ਪਾ ਸਕਿਆ,

ਸੱਚ ਆਖੇ 'ਨਵ ਸੰਗੀਤ'।

## ਬੇਟੀ

ਵਰਲਡ ਪੰਜਾਬੀ ਟਾਈਮਜ਼
ਮੂਲ ਲੇਖਕ - ਸਵਿਤਾ ਮਿਸ਼ਰਾ
ਅਨੁਵਾਦ - ਪ੍ਰੋ. ਨਵ ਸੰਗੀਤ ਸਿੰਘ



"ਛੁੱਟੀ ਦੀ ਬੜੀ ਸਮੱਸਿਆ ਹੈ ਦੀਦੀ! ਪਾਪਾ ਹਸਪਤਾਲ ਵਿੱਚ ਨਰਸਾਂ ਦੇ ਸਹਾਰੇ ਹਨ।" ਭਰਾ ਨਾਲ ਫ਼ੋਨ ਤੇ ਗੱਲਬਾਤ ਹੁੰਦੇ ਹੀ ਸੁਮੀ ਝੱਟ ਅਟੈਚੀ ਤਿਆਰ ਕਰਕੇ ਬਨਾਰਸ ਤੋਂ ਦਿੱਲੀ ਚੱਲ ਪਈ।

ਹਸਪਤਾਲ ਪਹੁੰਚਦੇ ਹੀ ਵੇਖਿਆ ਕਿ ਪਾਪਾ ਬੇਹੋਸ਼ੀ ਦੀ ਹਾਲਤ ਵਿੱਚ ਬੁੜਬੁੜਾ ਰਹੇ ਸਨ। ਉਹਨੇ ਝੱਟ ਉਨ੍ਹਾਂ ਦਾ ਹੱਥ ਆਪਣੇ ਹੱਥਾਂ ਵਿੱਚ ਲੈ ਕੇ ਅਹਿਸਾਸ ਦਿਵਾਇਆ ਕਿ ਕੋਈ ਹੈ, ਉਨ੍ਹਾਂ ਦਾ ਆਪਣਾ।

ਹੱਥ ਦੀ ਛੋਹ ਪਾ ਕੇ ਜਿਵੇਂ ਉਨ੍ਹਾਂ ਦੇ ਮੁਰਦਾ ਸਰੀਰ ਵਿੱਚ ਜਾਨ ਜਿਹੀ ਆ ਗਈ ਸੀ।

ਗੱਲਬਾਤ ਘਰ-ਪਰਿਵਾਰ ਤੋਂ ਸ਼ੁਰੂ ਹੋ ਕੇ ਪਤਾ ਨਹੀਂ ਕਦੋਂ ਜੀਵਨ ਬਿਤਾਉਣ ਦੇ ਮੁੱਦੇ ਤੇ ਆ ਕੇ ਰੁਕ ਗਈ। ਇੱਕ ਅਨੁਭਵੀ ਆਵਾਜ਼ ਪ੍ਰਸ਼ਨ ਬਣ ਕੇ ਉੱਭਰੀ ਤਾਂ ਦੂਜੀ ਅਨੁਭਵੀ ਆਵਾਜ਼ ਉੱਤਰ ਬਣ ਕੇ ਬੋਲ ਉੱਠੀ, "ਪਾਪਾ, ਪਹਿਲਾ ਪੜਾਅ ਤੁਹਾਡੇ ਅਨੁਭਵੀ ਹੱਥ ਨੂੰ ਫੜ ਕੇ ਲੰਘ ਗਿਆ। ਦੂਜਾ ਪਤੀ ਦੇ ਤਾਕਤਵਰ ਹੱਥਾਂ ਨੂੰ ਫੜ ਕੇ ਲੰਘਿਆ ਅਤੇ ਤੀਜਾ ਬੇਟਿਆਂ ਦੇ ਮਜ਼ਬੂਤ ਹੱਥਾਂ ਵਿੱਚ ਆ ਕੇ ਬੀਤ ਗਿਆ।"

"ਚੌਥਾ...! ਉਹ ਕਿਵੇਂ ਬੀਤੇਗਾ, ਕੁਝ ਸੋਚਿਆ? ਉਹੀ ਤਾਂ ਬੀਤਣਾ ਮੁਸ਼ਕਿਲ ਹੈ ਬੇਟੀ!"

"ਚੌਥਾ, ਤੁਹਾਡੇ ਵਾਂਗ।"

"ਮੇਰੇ ਵਾਂਗ? ਇਉਂ ਬੀਮਾਰ, ਬੇਸਹਾਰਾ?"

"ਨਹੀਂ ਪਾਪਾ, ਤੁਹਾਡੇ ਵਾਂਗ ਆਪਣੀ ਬੇਟੀ ਦੇ ਮਜ਼ਬੂਤ ਹੱਥਾਂ ਨੂੰ ਫੜ, ਮੈਂ ਵੀ ਚੌਥਾ ਪੜਾਅ ਪਾਰ ਕਰ ਲਵਾਂਗੀ।"

"ਮੇਰਾ ਮਜ਼ਬੂਤ ਹੱਥ ਤਾਂ ਮੇਰੇ ਕੋਲ ਹੈ, ਪਰ ਤੇਰਾ ਕਿੱਧਰ ਹੈ?"

"ਨਾਨਾ ਜੀ!" ਉਦੋਂ ਹੀ ਅੰਸ਼ੂ ਦੀ ਸੁਰੀਲੀ ਆਵਾਜ਼ ਉਨ੍ਹਾਂ ਦੇ ਕੰਨਾਂ ਵਿੱਚ ਪਈ, ਜਿਸਨੇ ਪੂਰੇ ਕਮਰੇ ਨੂੰ ਸੰਗੀਤਮਈ ਬਣਾ ਦਿੱਤਾ।

## ਗੁਰੂ ਗੋਬਿੰਦ ਸਿੰਘ ਜੀ ਨੂੰ ਚਿਤਵਦਿਆਂ



ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਹੱਕ ਦੀ ਕਮਾਈ ਕਰੇ, ਬਦੀਆਂ ਕਮਾਏ ਨਾ ।
ਗਊ ਤੇ ਗਰੀਬ ਮਸਕੀਨਾਂ ਦੀ ਜੋ ਰਾਖੀ ਕਰੇ,
ਸਵਾ ਲੱਖ ਇੱਕ ਨੂੰ ਬਣਾਉਣਾ ।
ਬੰਦਿਆਂ ਚੋਂ ਖੋਟ ਕੱਢ ਕੇ .......

ਖੰਡੇ ਵਾਲੀ ਧਾਰ ਉੱਤੇ ਆ ਜੋ ਜੀਹਨੇ ਨੱਚਣਾ ।
ਰਾਤਾਂ ਦੇ ਹਨ੍ਹੇਰ 'ਚ ਮਸ਼ਾਲ ਵਾਂਗੂੰ ਮੱਚਣਾ ।
ਖੰਡੇ ਨਾਲ ਖਿੱਚ ਕੇ ਲਕੀਰ ਕਿਹਾ ਬਾਜ਼ਾਂ ਵਾਲੇ
ਅੰਮ੍ਰਿਤ ਐਸਾ ਹੈ ਛਕਾਉਣਾ ।
ਬੰਦਿਆਂ 'ਚੋਂ ਖੋਟ ਕੱਢ ਕੇ........

ਸਾਜ ਕੇ ਪਿਆਰੇ ਪੰਜ, ਗੱਜ ਕੇ ਪੁਕਾਰਿਆ ।
ਮੈਨੂੰ ਵੀ ਬਣਾਉ ਸਿੱਖ, ਮੁੱਖ ਤੋਂ ਉਚਾਰਿਆ ।
ਤੇਗ ਦੇ ਦੁਲਾਰੇ, ਲੈ ਕੇ ਅੰਮ੍ਰਿਤ ਦਾਤ,
ਕਿਹਾ ਲਾਜ ਨਾ ਧਰਮ ਨੂੰ ਲਾਉਣਾ ।
ਬੰਦਿਆਂ ਚੋਂ ਖੋਟ ਕੱਢ ਕੇ........

ਕੱਢ ਕੇ ਮਿਆਨ ਵਿਚੋਂ ਗੁਰੂ ਕਿਰਪਾਨ ਕਿਹਾ,
ਸਿੱਖੀ ਵਾਲਾ ਮਹਿਲ ਹੈ ਬਣਾਉਣਾ ।
ਬੰਦਿਆਂ ਚੋਂ ਖੋਟ ਕੱਢ ਕੇ,
ਐਸਾ ਪੰਥ ਮੈਂ ਖਾਲਸਾ ਸਜਾਉਣਾ ।

ਜ਼ਾਲਮਾਂ ਤੋਂ ਡਰੇ ਨਾ ਤੇ ਭਲੇ ਨੂੰ ਡਰਾਵੇ ਨਾ ।

ਏਸੇ ਲਈ ਆਨੰਦਪੁਰੀ ਜਿੱਥੇ ਕੇਸਗੜ੍ਹ ਹੈ ।
ਖ਼ਾਲਸੇ ਦੀ ਲੱਗੀ ਏਥੇ, ਬੜੀ ਡੂੰਘੀ ਜੜ੍ਹ ਹੈ ।
ਅੱਜ ਤੀਕ ਮਿਟੀ ਨਾ ਤੇ ਪੁੱਟੀ ਗਈ ਇਹ ਕਿਸੇ ਕੋਲੋਂ,
ਮਿਟ ਗਏ ਜੋ ਚਾਹੁੰਦੇ ਸੀ ਮਿਟਾਉਣਾ ।
ਧੰਨ ਗੁਰੂ ਬਾਜਾਂ ਵਾਲਿਆ,
ਤੇਰੇ ਜਿਹਾ ਨਹੀਂ ਜਹਾਨੇ ਫੇਰ ਆਉਣਾ ।

## ਰੱਬਾ ਜ਼ਿੰਦਗੀ ਬੀਤ ਰਹੀ ਏ



ਵਰਲਡ ਪੰਜਾਬੀ ਟਾਈਮਜ਼
ਪ੍ਰੀਤ ਕੌਰ ਪ੍ਰੀਤੀ

ਰੱਬਾ ਜ਼ਿੰਦਗੀ ਬੀਤ ਰਹੀ ਏ
ਕਦੇ ਝੂਠੇ ਹਾਸੇ ਹੱਸਦਿਆਂ ਦੀ
ਕਦੇ ਲੁੱਕ ਛਿੱਪ ਕੇ ਰੋਂਦਿਆਂ ਦੀ
ਕਦੇ ਦੁੱਖ ਸੁੱਖ ਹੰਢਾਇਆ ਦੀ
ਕਦੇ ਚੁੱਪ ਕਰਕੇ ਬੈਠਿਆਂ ਦੀ
ਕਦੇ ਉੱਚੀ ਰੌਲਾ ਪਾਉਂਦਿਆਂ ਦੀ
ਬਸ ਬੀਤ ਰਹੀ ਏ।
ਜ਼ਿੰਦਗੀ ਬੀਤ ਰਹੀ ਏ।

ਕਦੇ ਆਪਣਿਆਂ ਨਾਲ ਰੁੱਸਿਆ ਦੀ
ਕਦੇ ਆਪਣਿਆਂ ਨੂੰ ਮਨਾਉਂਦਿਆਂ ਦੀ
ਠੋਕਰਾਂ ਠੇਡੇ ਖਾਂਦਿਆਂ ਦੀ
ਕਦੇ ਕਾਮਯਾਬੀਆਂ ਪਾਉਂਦਿਆਂ ਦੀ
ਬਸ ਬੀਤ ਰਹੀ ਏ।
ਜ਼ਿੰਦਗੀ ਬੀਤ ਰਹੀ ਏ।

ਕਦੇ ਆਪਣਿਆਂ ਦੇ ਮਿਲਦੇ ਵਿਛੜਿਆਂ ਦੀ
ਕਦੇ ਮਰਦੇ ਤੜਫਦੇ ਕੁਰਲਾਉਂਦਿਆਂ ਦੀ
ਪਲ ਪਲ ਜਿਉਂਦੇ ਮਰਦਿਆਂ ਦੀ
ਸੰਤਾਪ, ਵਖਰੇਵੇਂ ਹੰਢਾਉਂਦਿਆਂ ਦੀ
ਸਾਹ ਰੁੱਕਦੇ ਸੁੱਕਦੇ ਜਾਂਦਿਆਂ ਦੀ
ਬਸ ਬੀਤ ਰਹੀ ਏ।
ਜ਼ਿੰਦਗੀ ਬੀਤ ਰਹੀ ਏ।

ਕਦੇ ਭੁੱਲੀਆਂ ਵਿਸਰੀਆਂ ਯਾਦਾਂ ਜਿਹੀ
ਕਦੇ ਅੱਧਕੱਚੀ ਨੀਂਦ ਦੀਆਂ ਰਾਤਾਂ ਜਿਹੀ
ਮਰੇ ਖਵਾਬ ਸੱਧਰਾਂ ਜਜ਼ਬਾਤਾਂ ਜਿਹੀ
ਕਦੇ ਖੁੱਲ੍ਹੀ ਪਈ ਕਿਤਾਬ ਜਿਹੀ
ਕਦੇ ਬੰਦ ਪਏ ਸੰਦੂਕ ਜਿਹੀ
ਕਦੇ ਸੁਨੇਹੇ ਚਿੱਠੀ ਸੰਦੇਸ਼ ਜਿਹੀ
ਕਦੇ ਸੰਤਾਪ, ਝੂਠ, ਫ਼ਰੇਬ ਜਿਹੀ
ਬਸ ਬੀਤ ਰਹੀ ਏ।
ਜ਼ਿੰਦਗੀ ਬੀਤ ਰਹੀ ਏ।

## ਪੰਜ ਲਾਚੀਆਂ / ਮਿੰਨੀ ਕਹਾਣੀ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ



ਤਲਾਅ ਪੁਰ ਵਾਲੇ ਬਾਬੇ ਦੇ ਪੈਰੀਂ ਹੱਥ ਲਾਣ ਪਿੱਛੋਂ ਜੀਤੋ ਦੋਵੇਂ ਹੱਥ ਜੋੜ ਕੇ ਬਾਬੇ ਮੂਹਰੇ ਬੈਠ ਗਈ ਤੇ ਆਖਣ ਲੱਗੀ," ਬਾਬਾ ਜੀ, ਮੇਰੇ ਘਰ ਬਹੂ ਆਈ ਨੂੰ ਦੋ ਸਾਲ ਹੋ ਗਏ ਆ। ਹਾਲੇ ਉਸ ਦੀ ਕੁੱਖ ਹਰੀ ਨਹੀਂ ਹੋਈ। ਤੁਹਾਡੇ ਘਰ ਕਾਹਦਾ ਘਾਟਾ ਆ। ਤੁਸੀਂ ਕਈਆਂ ਨੂੰ ਲਾਚੀਆਂ ਪੜ੍ਹ ਕੇ ਦਿੱਤੀਆਂ ਆਂ। ਹੁਣ ਉਨ੍ਹਾਂ ਦੇ ਘਰ ਬਾਲ ਖੇਡਦੇ ਆ। ਮੇਰੀ ਬਹੂ ਤੇ ਵੀ ਮਿਹਰ ਕਰ ਦਿਉ।"

ਬਾਬੇ ਨੇ ਪੰਜ ਲਾਚੀਆਂ ਆਪਣੀ ਜੇਬ ਵਿੱਚੋਂ ਕੱਢੀਆਂ ਤੇ ਹੱਥ 'ਚ ਫੜ ਕੇ ਕੁੱਝ ਪੜ੍ਹਿਆ। ਲਾਚੀਆਂ ਜੀਤੋ ਦੇ ਹੱਥ 'ਚ ਫੜਾਂਦਿਆਂ ਬਾਬੇ ਨੇ ਆਖਿਆ," ਮਾਤਾ, ਇਹ ਲਾਚੀਆਂ ਲਉ। ਇੱਕ ਲਾਚੀ ਰੋਜ਼ ਬਹੂ ਨੂੰ ਖਾਣ ਲਈ ਦੇਣੀ ਆਂ। ਰੱਬ ਦੀ ਮਿਹਰ ਨਾਲ ਤੇਰੀ ਬਹੂ ਦੀ ਕੁੱਖ ਹਰੀ ਹੋ ਜਾਊਗੀ।"

ਜੀਤੋ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਉਸ ਨੇ ਬਾਬੇ ਨੂੰ ਇੱਕ ਵਾਰ ਫਿਰ ਮੱਥਾ ਟੇਕਿਆ ਤੇ ਘਰ ਨੂੰ ਤੁਰ ਪਈ।ਘਰ ਪਹੁੰਚ ਕੇ ਉਸ ਨੇ ਆਪਣੀ ਬਹੂ ਨੂੰ ਆਖਿਆ," ਮਨਜਿੰਦਰ, ਆ ਫੜ ਲਾਚੀਆਂ। ਤਲਾਅ ਪੁਰ ਵਾਲੇ ਬਾਬੇ ਨੇ ਦਿੱਤੀਆਂ ਆਂ।"

" ਮੰਮੀ, ਮੈਂ ਇਨ੍ਹਾਂ ਨੂੰ ਕੀ ਕਰਾਂ?" ਮਨਜਿੰਦਰ ਨੇ ਆਖਿਆ।

" ਪੁੱਤ, ਇੱਕ ਲਾਚੀ ਰੋਜ਼ ਖਾਣੀ ਆਂ। ਤਲਾਅ ਪੁਰ ਵਾਲਾ ਬਾਬਾ ਕਹਿੰਦਾ ਸੀ ਕਿ ਇਹ ਲਾਚੀਆਂ ਖਾ ਕੇ ਤੇਰੀ ਕੁੱਖ ਹਰੀ ਹੋ ਜਾਊਗੀ।"

" ਮੰਮੀ, ਮੇਰੇ ਬੱਚਾ ਇਸ ਕਰਕੇ ਨਹੀਂ ਹੋਇਆ ਕਿਉਂਕਿ ਅਸੀਂ ਤੀਵੀਂ, ਆਦਮੀ ਨੇ ਪ੍ਰਹੇਜ਼ ਰੱਖਿਆ ਹੋਇਆ ਸੀ।"

" ਮੈਂ ਐਵੇਂ ਤਲਾਅ ਪੁਰ ਵਾਲੇ ਬਾਬੇ ਦੇ ਪੈਰੀਂ ਹੱਥ ਲਾਈ ਗਈ। ਜੇ ਮੈਨੂੰ ਇਸ ਗੱਲ ਦਾ ਪਹਿਲਾਂ ਪਤਾ ਹੁੰਦਾ, ਮੈਂ ਉਸ ਕੋਲ ਕਦੇ ਨਾ ਜਾਂਦੀ। ਛੱਡ ਪਰੇ, ਨਾ ਖਾ ਲਾਚੀਆਂ।" ਜੀਤੋ ਨੂੰ ਲੱਗਾ ਜਿਵੇਂ ਉਹ ਤਲਾਅ ਪੁਰ ਵਾਲੇ ਬਾਬੇ ਕੋਲ ਜਾ ਕੇ ਬੜੀ ਵੱਡੀ ਭੁੱਲ ਕਰ ਆਈ ਹੋਵੇ।